# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 21-07-2024**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੁਣ ਤੋਂ ਥੋੜੀ ਦੇਰ ਬਾਅਦ, ਸ਼ਾਮ 7 ਵਜੇ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ, ਵਿਸ਼ਵ ਵਿਰਾਸਤ ਕਮੇਟੀ ਦੇ 46ਵੇਂ ਸੈਸ਼ਨ ਦਾ ਉਦਘਾਟਨ ਕਰਨਗੇ।
- ਘੱਟ ਗਿਣਤੀਆ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ , ਕਮਿਸ਼ਨ ਦੁਨੀਆ ਭਰ ਵਿੱਚ ਵਸਦੇ ਸਿਖਾਂ ਨੂੰ ਪੇਸ਼ ਆਉਂਦੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਦੇ ਹੱਲ ਲਈ, ਹਰ ਸੰਭਵ ਯਤਨ ਕਰ ਰਿਹਾ ਏ।
- ਕਾਰਗਿਲ ਵਿਜੇ ਦਿਵਸ ਸਿਲਵਰ ਜੁਬਲੀ ਮੌਕੇ, ਏਅਰ ਫੋਰਸ ਸਟੇਸ਼ਨ ਭਿਸੀਆਣਾ ਬਠਿੰਡਾ ਵਿਖੇ ਸ਼ਾਨਦਾਰ ਏਅਰ ਸ਼ੋਅ ਦਾ ਆਯੋਜਨ।

- ਅੱਜ 'ਗੁਰੂ ਪੂਰਨਿਮਾ' ਮੌਕੇ,ਪੰਜਾਬ ਦੇ ਵਖ-ਵੱਖ ਮੰਦਰਾਂ ਤੇ ਹੋਰ ਧਾਰਮਿਕ ਸਥਾਨਾਂ ਤੇ ਵਿਸ਼ੇਸ਼ ਸਮਾਗਮ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸ਼ਾਮ 7 ਵਜੇ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ, ਵਿਸ਼ਵ ਵਿਰਾਸਤ ਕਮੇਟੀ ਦੇ 46ਵੇਂ ਸੈਸ਼ਨ ਦਾ ਉਦਘਾਟਨ ਅਤੇ ਆਏ ਹੋਏ ਮਹਿਮਾਨਾਂ ਨੂੰ ਸੰਬੋਧਨ ਕਰਨਗੇ। ਭਾਰਤ ਪਹਿਲੀ ਵਾਰ ਵਿਸ਼ਵ ਵਿਰਾਸਤ ਕਮੇਟੀ ਦੀ ਮੀਟਿੰਗ ਦੀ ਮੇਜ਼ਬਾਨੀ ਕਰ ਰਿਹਾ ਏ। ਵਿਸ਼ਵ ਵਿਰਾਸਤ ਕਮੇਟੀ ਸਾਲ ਵਿੱਚ ਇੱਕ ਵਾਰ ਮੀਟਿੰਗ ਕਰਦੀ ਏ ਅਤੇ ਵਿਸ਼ਵ ਵਿਰਾਸਤ ਨਾਲ ਸਬੰਧਤ ਸਾਰੇ ਮਾਮਲਿਆਂ ਦਾ ਪ੍ਰਬੰਧਨ ਕਰਦੀ ਏ ਅਤੇ ਨਾਲ ਹੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤੀਆਂ ਜਾਣ ਵਾਲੀਆਂ ਪ੍ਰਮੁੱਖ ਥਾਵਾਂ ਬਾਰੇ ਫੈਸਲਾ ਕਰਦੀ ਏ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤ ਦੀ ਵਿਸ਼ਵ ਵਿਰਾਸਤ ਕਮੇਟੀ ਦੀ ਮੀਟਿੰਗ ਦੀ ਮੇਜ਼ਬਾਨੀ ਕਰਨਾ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਵਿਰਾਸਤ ਨੂੰ ਸੰਭਾਲਣ ਲਈ, ਵਿਚਾਰਾਂ ਦੇ ਅਦਾਨ-ਪ੍ਰਦਾਨ ਦਾ ਇਹ, ਇਕ ਮਹੱਤਵਪੂਰਨ ਮੰਚ ਏ। ਕੇਂਦਰੀ ਸੰਸਕ੍ਰਿਤੀ

ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਇਸਦੇ ਜ਼ਰੀਏ, ਪੂਰੀ ਦੁਨੀਆ ਨੂੰ ਭਾਰਤ ਦੇ ਵਿਕਾਸ ਨੂੰ ਦਿਖਾਉਣ ਦਾ ਮੌਕਾ ਮਿਲੇਗਾ।

---------------------------------------------------

ਦੁਨੀਆ ਭਰ ਵਿੱਚ ਵਸਦੇ ਸਿਖਾਂ ਨੂੰ ਪੇਸ਼ ਆਉਂਦੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਦੇ ਹੱਲ ਲਈ, ਘੱਟ ਗਿਣਤੀਆ ਬਾਰੇ ਕਮਿਸ਼ਨ ਹਰ ਸੰਭਵ ਯਤਨ ਕਹ ਰਿਹਾ ਏ। ਇਹ ਗੱਲ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ, ਕਮਿਸ਼ਨ ਅਤੇ ਗਲੋਬਲ ਪੰਜਾਬੀ ਐਸੋਸੀਏਸ਼ਨ ਵਲੋਂ ਚੰਡੀਗੜ ਵਿੱਚ ਕਰਵਾਈ ਇਕ ਸਾਂਝੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੀ। ਇਸ ਵਿੱਚ ਵੱਖ ਵੱਖ ਖੇਤਰਾਂ ਦੀਆਂ 50 ਤੋਂ ਵੱਧ ਉੱਘੀਆਂ ਸ਼ਖਸੀਅਤਾਂ ਨੇ ਹਿਸਾ ਲਿਆ, ਜਿਨ੍ਹਾਂ ਵਿੱਚ ਅਕਾਦਮਿਕ, ਸਾਬਕਾ ਫੌਜੀ, ਵਕੀਲ, ਅਦਾਕਾਰ ਅਤੇ ਵੱਖੋ ਵੱਖ ਖੇਤਰਾਂ ਦੇ ਪੇਸ਼ੇਵਰ ਅਤੇ ਸਮਾਜ ਸੇਵਕ ਸ਼ਾਮਿਲ ਰਹੇ। ਚਰਚਾ ਦਾ ਸੰਚਾਲਨ, ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਮੀਤ ਪ੍ਰਧਾਨ, ਕਰਨਲ ਜੈਬੰਸ ਸਿੰਘ ਅਤੇ ਐਸੋਸੀਏਸ਼ਨ ਦੇ ਆਨਰੇਰੀ ਸਕੱਤਰ ਡਾ: ਜਸਵਿੰਦਰ ਸਿੰਘ ਢਿੱਲੋਂ ਨੇ ਕੀਤਾ। ਆਪਣੇ ਉਦਘਾਟਨੀ ਭਾਸ਼ਣ ਵਿੱਚ, ਇਕਬਾਲ ਸਿੰਘ ਲਾਲਪੁਰਾ ਨੇ ਘੱਟ ਗਿਣਤੀ

ਕਮਿਸ਼ਨ ਦੇ 15 ਸੂਤਰੀ ਪ੍ਰੋਗਰਾਮ ਤਹਿਤ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਗਤੀਸ਼ੀਲ ਅਗਵਾਈ ਹੇਠ, ਕੇਂਦਰ ਸਰਕਾਰ ਵੱਲੋਂ ਸਿੱਖਾਂ ਸਮੇਤ ਘੱਟ ਗਿਣਤੀ ਭਾਈਚਾਰਿਆਂ ਲਈ ਕੀਤੀਆਂ ਜਾ ਰਹੀਆਂ ਵੱਖ-ਵੱਖ ਪਹਿਲ-ਕਦਮੀਆਂ ਬਾਰੇ ਦੱਸਿਆ। 15 ਨੁਕਾਤੀ ਪ੍ਰੋਗਰਾਮ ਕੌਮੀ ਪੱਧਰ 'ਤੇ 225 ਪ੍ਰੋਗਰਾਮਾਂ ਤੋਂ ਉੱਪਰ ਏ, ਜਿਹੜੇ ਸਰਕਾਰ ਨੇ 2014 ਤੋਂ ਸ਼ੁਰੂ ਕੀਤੇ ਨੇ। ਇਕਬਾਲ ਸਿੰਘ ਲਾਲਪੁਰਾ ਨੇ ਪ੍ਰਧਾਨ ਮੰਤਰੀ ਮੋਦੀ ਦੇ ਦਿਲ ਵਿਚ ਪੰਜਾਬ ਅਤੇ ਸਿੱਖ ਕੌਮ ਦੇ ਵਿਸ਼ੇਸ਼ ਸਥਾਨ ਦੀ ਗੱਲ ਕੀਤੀ, ਜਿਸ ਕਾਰਨ ਧਾਰਮਿਕ ਅਤੇ ਸਮਾਜਿਕ ਪੱਧਰ 'ਤੇ ਕਈ ਹਾਂ ਪੱਖੀ ਸਿੱਖ ਕੇਂਦਰਿਤ ਪਹਿਲਕਦਮੀਆਂ ਨੂੰ ਫਲ ਮਿਲਿਆ ਏ।

---------------------------------------------------

NEET UG ਪੇਪਰ ਲੀਕ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ ਵਲੋਂ ਜਾਂਚ ਅਤੇ ਸਰਵਉੱਚ ਅਦਾਲਤ ਵਲੋਂ ਸੁਣਵਾਈ ਕੀਤੇ ਜਾਣ 'ਤੇ ਲੋਕ ਕਾਫੀ ਸੰਤੁਸ਼ਟ ਨੇ। ਬਠਿੰਡਾ ਤੋਂ ਅਧਿਆਪਕਾ ਰਾਜਵਿੰਦਰ ਕੌਰ, ਇਸ ਮਾਮਲੇ ਵਿਚ, ਸਖਤ ਕਾਰਵਾਈ ਦੀ ਉਮੀਦ ਕਰਦੇ ਨੇ।

**BYTE:**

---------------------------------------------------

ਹਥਿਆਰਬੰਦ ਸੈਨਾਵਾਂ ਵੱਲੋਂ, ਦੇਸ਼ ਦੀ ਸੇਵਾ ਵਿੱਚ ਕੀਤੀ ਗਈ ਬਹਾਦਰੀ ਅਤੇ ਕੁਰਬਾਨੀ ਨੂੰ ਮਾਨਤਾ ਦਿੰਦੇ ਹੋਏ, ਏਅਰ ਫੋਰਸ ਸਟੇਸ਼ਨ ਭਿਸੀਆਣਾ ਬਠਿੰਡਾ ਵਿਖੇ, ਕਾਰਗਿਲ ਵਿਜੇ ਦਿਵਸ ਸਿਲਵਰ ਜੁਬਲੀ ਬੜੇ ਹੀ ਮਾਣ ਅਤੇ ਉਤਸ਼ਾਹ ਨਾਲ ਮਨਾਈ ਗਈ। ਇਹ ਮਹੱਤਵਪੂਰਨ ਘਟਨਾ 1999 ਵਿੱਚ ਕਾਰਗਿਲ ਸੰਘਰਸ਼ ਵਿੱਚ, ਭਾਰਤ ਦੀ ਜਿੱਤ ਦੀ 25ਵੀਂ ਵਰ੍ਹੇਗੰਢ ਨੂੰ ਦਰਸਾਉਂਦੀ ਏ, ਜਿਸਦਾ ਅੰਤ ਭਾਰਤੀ ਹਵਾਈ ਸੈਨਾ ਦੇ ਆਪਰੇਸ਼ਨ 'ਸਫੇਦ ਸਾਗਰ' ਅਤੇ ਭਾਰਤੀ ਫੌਜ ਦੇ 'ਆਪ੍ਰੇਸ਼ਨ ਵਿਜੇ' ਨਾਲ ਹੋਇਆ। ਇਹ ਅਸਲ ਵਿੱਚ ਫੌਜੀ ਹਵਾਬਾਜ਼ੀ ਦੇ ਇਤਿਹਾਸ ਵਿੱਚ' ਇੱਕ ਮਹੱਤਵਪੂਰਨ ਉਪਲਬਧੀ ਸੀ, ਜਿਸ ਵਿੱਚ ਇੰਨੀ ਉਚਾਈ 'ਤੇ ਟੀਚਿਆਂ ਵਿਰੁੱਧ ਹਵਾਈ ਸ਼ਕਤੀ ਦੀ ਕਾਮਯਾਬ ਵਰਤੋਂ ਕੀਤੀ ਗਈ ਸੀ । ਭਾਰਤੀ ਹਵਾਈ ਸੈਨਾ ਦੇ ਨੰਬਰ 17 ਸਕੁਐਡਰਨ, ਮਿਗ-21 ਟਾਈਪ-96 ਏਅਰਕ੍ਰਾਫਟ, ਜਿਸਨੂੰ "ਗੋਲਡਨ ਐਰੋਜ਼" ਵੀ ਕਿਹਾ ਜਾਂਦਾ ਏ, ਨੇ ਫਿਰ ਏਅਰ ਫੋਰਸ ਸਟੇਸ਼ਨ ਭਿਸੀਆਣਾ 'ਤੇ ਸਥਿਤ, ਓਪਰੇਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ

। ਦੁਸ਼ਮਣ ਫ਼ੌਜ ਨੂੰ ਬਾਹਰ ਖਦੇੜਨ ਲਈ, ਕਈ ਖੋਜੀ ਅਤੇ ਹਮਲੇ ਦੇ ਮਿਸ਼ਨ ਚਲਾਏ । ਇਸ ਉਦੇਸ਼ ਲਈ, ਸਕੁਐਡਰਨ ਨੂੰ ਅਪਰੇਸ਼ਨ ਦੌਰਾਨ, ਸ਼ਾਨਦਾਰ ਸੇਵਾਵਾਂ ਲਈ ਵੱਕਾਰੀ 'ਬੈਟਲ ਆਨਰਜ਼' ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਵੈਸਟਰਨ ਏਅਰ ਕਮਾਂਡ ਦੇ ਸੀਨੀਅਰ ਏਅਰ ਸਟਾਫ਼ ਅਧਿਕਾਰੀ, ਏਅਰ ਮਾਰਸ਼ਲ ਪੀ.ਕੇ.ਵੋਹਰਾ ਨੇ ਕਲ ਏਅਰ ਫੋਰਸ ਸਟੇਸ਼ਨ ਭਿਸੀਆਣਾ ਵਿਖੇ ਜੰਗੀ ਯਾਦਗਾਰ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ । ਹਵਾਈ ਪ੍ਰਦਰਸ਼ਨ ਕੀਤੇ ਗਏ, ਜਿਸ ਵਿੱਚ ਅਕਾਸ਼ ਗੰਗਾ ਸਕਾਈ-ਡਾਈਵਿੰਗ ਟੀਮ ਵਲੋਂ ਪੈਰਾ-ਡ੍ਰੌਪ, ਤਿੰਨ ਰਾਫੇਲ ਅਤੇ ਤਿੰਨ ਜੈਗੁਆਰ ਲੜਾਕੂ ਜਹਾਜ਼ਾਂ ਨੇ, 'ਵਿਕ' ਗਠਨ, ਸਲਿਦ-ਰਿੰਗ ਅਤੇ ਸਮਾਲ ਟੀਮ ਇਨ-ਸਰਸ਼ਨ ਐਂਡ ਐਕਸ-ਟਰੈਕਸ਼ਨ ਕੀਤੇ । ਇਸ ਸਮਾਗਮ ਵਿੱਚ ਬਹਾਦਰ ਹਵਾਈ ਯੋਧਿਆਂ ਦੀ ਯਾਦ ਵਿੱਚ ਮਿਗ-29 ਜਹਾਜ਼ਾਂ ਨੇ ਉਡਾਏ ਗਏ "ਐਰੋ ਹੈੱਡ" ਅਤੇ "ਮਿਸਿੰਗ ਮੈਨ" ਫਾਰਮੇਸ਼ਨ ਵਿੱਚ ਇੱਕ ਫਲਾਈ-ਪਾਸਟ ਵੀ ਕੀਤਾ । ਸਕੂਲੀ ਬੱਚਿਆਂ ਸਮੇਤ 5 ਹਜ਼ਾਰ ਤੋਂ ਵੱਧ ਦਰਸ਼ਕਾਂ ਨੇ ਹਵਾਈ ਪ੍ਰਦਰਸ਼ਨੀ ਨੂੰ ਦੇਖਿਆ ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਏਕ ਪੇੜ ਮਾਂ ਕੇ ਨਾਮ' ਤਹਿਤ ਦੇਸ਼ ਭਰ ਦੇ ਲੋਕਾਂ ਨੂੰ ਇਸ ਬਰਸਾਤ ਦੇ ਮੌਸਮ ਵਿਚ ਬੂਟੇ ਲਗਾਉਣ ਦਾ ਸਦਾ ਦਿੱਤਾ ਏ। ਸਮਾਜ ਸੇਵੀ ਸੰਸਥਾਵਾਂ, ਵਾਤਾਵਰਨ ਪ੍ਰੇਮੀ ਅਤੇ ਆਮ ਲੋਕ ਇਸ ਮੁਹਿੰਮ ਤੋਂ ਬੇਹੱਦ ਉਤਸ਼ਾਹਤ ਨੇ ਅਤੇ ਵੱਖ ਵੱਖ ਕਿਸਮ ਦੇ ਬੂਟੇ ਵੀ ਲਗਾ ਰਹੇ ਨੇ। ਖਰੜ ਤੋਂ ਸਮਾਜ ਸੇਵੀ ਰਜਿੰਦਰ ਸਿੰਘ ਨੰਬਰਦਾਰ ਨੇ, ਇਸ ਮੁਹਿੰਮ ਤਹਿਤ ਕੀਤੇ ਜਾ ਰਹੇ ਉਪਰਲਿਆਂ ਬਾਰੇ ਦਸਿਆ।

**BYTE-**

---

ਮੋਹਾਲੀ ਜ਼ਿਲ੍ਹੇ ਵਿਚ ਹਰਿਆਵਲ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਨਿਵੇਕਲੀ ਪਹਿਲਕਦਮੀ ਤਹਿਤ, ਜ਼ਿਲਾ ਪ੍ਰਸ਼ਾਸਨ ਵੱਲੋਂ 23 ਜੁਲਾਈ ਨੂੰ ਵੱਖ-ਵੱਖ ਥਾਵਾਂ 'ਤੇ ਢੇਡ ਲੱਖ ਬੂਟੇ ਲਗਾ ਕੇ, ਬੂਟੇ ਲਗਾਉਣ ਦੀ ਵਿਸ਼ਾਲ ਮੁਹਿੰਮ ਚਲਾਈ ਜਾਵੇਗੀ। ਇਹ ਜਨਤਕ ਮੁਹਿੰਮ ਹਰਿਆਵਲ ਮਿਸ਼ਨ ਦਾ ਹਿੱਸਾ ਏ, ਜਿਸ ਵਿੱਚ ਸਾਰੇ ਵਿਭਾਗਾਂ ਲਈ ਬੂਟੇ ਲਗਾਉਣ ਦੇ ਵਿਸ਼ੇਸ਼ ਟੀਚੇ ਨਿਰਧਾਰਤ ਕੀਤੇ ਗਏ ਨੇ। ਵਧੀਕ ਡਿਪਟੀ ਕਮਿਸ਼ਨਰ

(ਸ਼ਹਿਰੀ ਵਿਕਾਸ) ਦਮਨਜੀਤ ਸਿੰਘ ਮਾਨ ਨੇ, ਬੂਟੇ ਲਗਾਉਣ ਦੀ ਰਣਨੀਤੀ ਉਲੀਕਣ ਲਈ ਸਮੂਹ ਵਿਭਾਗਾਂ ਦੀ ਸਮੀਖਿਆ ਮੀਟਿੰਗ ਕਰਦਿਆਂ ਦੱਸਿਆ, ਕਿ ਜ਼ਿਲ੍ਹੇ ਭਰ ਵਿੱਚ ਹਰੇਕ ਸਬ ਡਿਵੀਜ਼ਨ ਵਿੱਚ ਔਸਤਨ 50 ਹਜ਼ਾਰ ਬੂਟੇ ਲਗਾ ਕੇ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਨੂੰ ਬੂਟਿਆਂ ਦੀ ਸਪਲਾਈ ਅਤੇ ਟੋਇਆਂ ਦਾ ਕੰਮ ਅਗਾਊਂ ਮੁਕੰਮਲ ਕਰਨ ਲਈ ਹਰੇਕ ਸਾਈਟ ਲਈ ਵੱਖਰੇ ਤੌਰ 'ਤੇ ਨੋਡਲ ਅਫ਼ਸਰ ਤਾਇਨਾਤ ਕਰਨ ਲਈ ਕਿਹਾ ਗਿਆ ਏ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਜ਼ਿਲ੍ਹਾ ਵਾਸੀਆਂ ਅਤੇ ਗੈਰ ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਜ਼ਿਲ੍ਹੇ ਵਿੱਚ ਹਰਿਆਲੀ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਏ। ਉਨ੍ਹਾਂ ਸਮੂਹ ਸਮਾਜ ਸੇਵੀ ਸੰਸਥਾਵਾਂ ਅਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ, ਜ਼ਿਲ੍ਹੇ ਵਿੱਚ ਬੂਟੇ ਲਗਾਉਣ ਦਾ ਇਤਿਹਾਸ ਸਿਰਜਣ ਲਈ ਅੱਗੇ ਆਉਣ ਅਤੇ ਸਥਾਨਕ ਅਧਿਕਾਰੀਆਂ ਨਾਲ ਸਹਿਯੋਗ ਕਰਨ ਕਿਉਂਕਿ ਸਾਫ਼ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਣ ਨਾਗਰਿਕਾਂ ਦੀ ਤੰਦਰੁਸਤੀ ਲਈ ਜ਼ਰੂਰੀ ਏ।

-------------------------------------------------------------

ਓਧਰ ਮਾਲੇਰਕੋਟਲਾ ਦੇ ਰਹਿਣ ਵਾਲੇ ਗੁਰਮੀਤ ਸਿੰਘ ਨੇ ਵਾਤਾਵਰਣ ਪੱਖੀ ਸੋਚ ਦੀ ਮਿਸਾਲ ਪੇਸ਼ ਕਰਦੇ ਹੋਏ ਆਪਣੇ ਪਰਿਵਾਰ ਅਤੇ ਗਾਹਕਾਂ ਨਾਲ 100 ਅੰਬਾਂ ਦੇ ਬੂਟੇ ਵੰਡ ਕੇ ਆਪਣੇ ਬੇਟੇ ਦਾ 18ਵਾਂ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਪਰਿਵਾਰ ਨੇ ਲੋਕਾਂ ਨੂੰ ਵਾਤਾਵਰਣ ਪੱਖੀ ਸੁਨੇਹਾ ਦਿੱਤਾ। ਗੁਰਮੀਤ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪ੍ਰਸਾਸ਼ਨ ਡਿਪਟੀ ਕਮਿਸ਼ਨਰ ਡਾ ਪੱਲਵੀ ਵਲੋਂ ਚਲਾਈ ਜਾ ਰਹੀ ਵਾਤਾਵਰਣ ਜਾਗਰੂਕਤਾ ਮੁਹਿੰਮ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਆਪਣੇ ਬੇਟੇ ਜਨਮ ਦਿਨ ਅਤੇ ਹੋਰ ਖਾਸ਼ ਖੁਸ਼ੀ ਦੇ ਮੌਕਿਆਂ ਤੇ ਹਰ ਸਾਲ ਬੂਟੇ ਲਗਾਉਣ ਅਤੇ ਵੰਡਣ ਦਾ ਅਹਦ ਲਿਆ ਏ, ਤਾਂ ਜੋ ਉਹ ਆਪਣੀ ਆਉਣ ਵਾਲੀ ਪੀੜ੍ਹੀ ਲਈ ਵਾਤਾਵਰਣ ਨੂੰ ਸੁਰੱਖਿਅਤ ਰੱਖ ਸਕਣ।

-------------------------------------------------------------

ਅੱਜ ਗੁਰੂ ਪੂਰਨਿਮਾ ਏ। ਇਹ ਦਿਨ ਗੁਰੂਆਂ ਨੂੰ ਯਾਦ ਕਰਨ ਦਾ ਦਿਨ ਏ। ਇਸ ਮੌਕੇ ਤੇ ਸੂਬੇ ਭਰ ਵਿਚ ਵਖ-ਵੱਖ ਮੰਦਰਾਂ ਤੇ ਹੋਰ ਧਾਰਮਿਕ ਸਥਾਨਾਂ ਤੇ ਵਿਸ਼ੇਸ਼ ਸਮਾਗਮ ਕਰਵਾਏ ਗਏ।

*ਇਕ ਰਿਪੋਰਟ : ਡਿਸਪੈਚ: ਅਜਿਹਾ ਕਿਹਾ ਜਾਂਦਾ ਏ ਕਿ ਮਹਾਭਾਰਤ ਦੇ ਰਚਨਾਕਾਰ ਮਹਾਨ ਰਿਸ਼ੀ ਵੇਦ ਵਿਆਸ ਜੀ ਦਾ ਜਨਮ ਇਸ ਦਿਨ ਹੀ ਹੋਇਆ ਸੀ। ਇਸ ਲਈ ਇਸ ਦਿਨ ਨੂੰ ਵਿਆਸ ਪੂਰਨਿਮਾ ਵਜੋਂ ਵੀ ਜਾਣਿਆ ਜਾਂਦਾ ਏ । ਇਹ ਦਿਨ ਅਧਿਆਤਮਿਕ ਗੁਰੂਆਂ ਅਤੇ ਆਚਾਰੀਆਂ ਨੂੰ ਸਮਰਪਿਤ ਏ । ਇਸ ਦਿਨ, ਚੇਲੇ ਆਪਣੇ ਗੁਰੂ ਪ੍ਰਤੀ ਧੰਨਵਾਦ ਪ੍ਰਗਟ ਕਰਦੇ ਨੇ ਅਤੇ ਉਨ੍ਹਾਂ ਦੇ ਗਿਆਨ ਤੇ ਮਾਰਗਦਰਸ਼ਨ ਲਈ ਉਨ੍ਹਾਂ ਦਾ ਸਤਿਕਾਰ ਕਰਦੇ ਨੇ । ਅੱਜ ਦੇ ਹੀ ਦਿਨ ਭਗਵਾਨ ਬੁੱਧ ਨੇ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਬੋਧਗਯਾ ਤੋਂ ਸਾਰਨਾਥ ਦੀ ਯਾਤਰਾ ਕੀਤੀ ਅਤੇ ਇਸ ਦਿਨ ਆਪਣਾ ਪਹਿਲਾ ਉਪਦੇਸ਼ ਦਿੱਤਾ । ਇਸ ਲਈ ਇਹ ਦਿਨ ਭਗਵਾਨ ਬੁੱਧ ਦੇ ਪੈਰੋਕਾਰਾਂ ਲਈ ਵੀ ਸ਼ੁਕਰਗੁਜ਼ਾਰੀ ਦਾ ਦਿਨ ਏ ।ਜਲੰਧਰ ਸਮੇਤ ਸੂਬੇ ਦੇ ਵੱਖ ਵੱਖ ਮੰਦਰਾਂ ਤੇ ਹੋਰ ਧਾਰਮਿਕ ਸਥਾਨਾਂ ਤੇ ਸਵੇਰੇ ਵਿਸ਼ੇਸ਼ ਹਵਨ ਯੱਗ ਕੀਤੇ ਗਏ ਅਤੇ ਵਿਸ਼ੇਸ਼ ਸਮਾਗਮਾਂ ਵਿਚ ਗੁਰੂ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ।ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---------------------------------------------------

ਪੰਜਾਬ ਵਿੱਚ ਘੱਟ ਮੀਂਹ ਕਾਰਨ ਤਾਪਮਾਨ ਫਿਰ ਵਧਣਾ ਸ਼ੁਰੂ ਹੋ ਗਿਆ ਏ। ਇਸਦੇ ਨਾਲ ਹੀ ਲੋਕਾਂ ਨੂੰ ਹੁੰਮਸ ਭਰੀ ਗਰਮੀ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਏ। ਹਾਲਾਂਕਿ ਸੂਬੇ 'ਚ ਸ਼ਾਮੀ ਕਈ ਥਾਈਂ ਬਦਲ ਛਾਏ ਰਹੇ ਤੇ ਹਲਕੀ ਹਵਾ ਵੀ ਚਲ ਰਹੀ ਏ। ਏਧਰ ਮੌਸਮ ਵਿਭਾਗ ਮੁਤਾਬਕ ਕੱਲ ਤੋਂ ਕੁਝ ਜ਼ਿਲ੍ਹਿਆਂ ਵਿੱਚ ਭਾਰੀ ਮੀਂਹ ਪੈ ਸਕਦਾ ਏ। ਵਿਭਾਗ ਨੇ 12 ਜ਼ਿਲ੍ਹਿਆਂਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਸੰਗਰੂਰ, ਫਤਿਹਗੜ੍ਹ ਸਾਹਿਬ, ਰੂਪਨਗਰ, ਪਟਿਆਲਾ ਅਤੇ ਮੋਹਾਲੀ ਜ਼ਿਲਿਆਂ 'ਚ ਮੀਂਹ ਦਾ ਯੈਲੋ ਅਲਰਟ ਜਾਰੀ ਕੀਤਾ ਏ।

---------------------------------------------------

## <u>ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ</u>

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੁਣ ਤੋਂ ਥੋੜੀ ਦੇਰ ਬਾਅਦ, ਸ਼ਾਮ 7 ਵਜੇ ਨਵੀਂ ਦਿੱਲੀ ਦੇ ਭਾਰਤ ਮੰਡਪਮ

ਵਿਖੇ, ਵਿਸ਼ਵ ਵਿਰਾਸਤ ਕਮੇਟੀ ਦੇ 46ਵੇਂ ਸੈਸ਼ਨ ਦਾ ਉਦਘਾਟਨ ਕਰਨਗੇ।

- ਘੱਟ ਗਿਣਤੀਆ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ , ਕਮਿਸ਼ਨ ਦੁਨੀਆ ਭਰ ਵਿੱਚ ਵਸਦੇ ਸਿਖਾਂ ਨੂੰ ਪੇਸ਼ ਆਉਂਦੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਦੇ ਹੱਲ ਲਈ,  ਹਰ ਸੰਭਵ ਯਤਨ ਕਰ ਰਿਹਾ ਏ।
- ਕਾਰਗਿਲ ਵਿਜੇ ਦਿਵਸ ਸਿਲਵਰ ਜੁਬਲੀ ਮੌਕੇ, ਏਅਰ ਫੋਰਸ ਸਟੇਸ਼ਨ ਭਿਸੀਆਣਾ ਬਠਿੰਡਾ ਵਿਖੇ ਸ਼ਾਨਦਾਰ ਏਅਰ ਸ਼ੋਅ ਦਾ ਆਯੋਜਨ।
- ਅੱਜ 'ਗੁਰੂ ਪੂਰਨਿਮਾ' ਮੌਕੇ,ਪੰਜਾਬ ਦੇ ਵਖ-ਵੱਖ ਮੰਦਰਾਂ ਤੇ ਹੋਰ ਧਾਰਮਿਕ ਸਥਾਨਾਂ ਤੇ ਵਿਸ਼ੇਸ਼ ਸਮਾਗਮ।